**Directorate Of Education, GNCT Of Delhi**

**Practice Paper**

**Session: 2024-25**

**Class: x**

**Subject: Punjabi (004)**

**Duration: 3 hrs** **Maximum Marks: 80**

**ਆਮ ਨਿਰਦੇਸ਼**

- ਸਾਰੇ ਪ੍ਰਸ਼ਨ ਲਾਜ਼ਮੀ ਹਨ|ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ|ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

| ਪ੍ਰਸ਼ਨ | ਭਾਗ-ੳ (ਪੜ੍ਹਨ ਕੌਸ਼ਲ) | ਅੰਕ |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਸਲੀਕੇ ਤੋਂ ਭਾਵ ਕਿਸੇ ਕੰਮ ਨੂੰ ਕਰਨ ਜਾਂ ਜੀਵਨ ਵਿੱਚ ਵਿਚਰਨ ਦੀ ਅਜਿਹੀ ਤਮੀਜ਼ ਹੈ, ਜਿਸ ਨਾਲ ਦੂਜਿਆਂ ਉੱਤੇ ਅਤਿਅੰਤ ਸੁਖਾਵਾਂ ਪ੍ਰਭਾਵ ਪਵੇ। ਆਮ ਕਰਕੇ ਅਸੀਂ ਸਲੀਕਾ ਸ਼ਬਦ ਨੂੰ ਗੱਲ-ਬਾਤ ਕਰਨ ਤੇ ਖਾਣ-ਪੀਣ ਦੇ ਤਰੀਕਿਆਂ ਨਾਲ ਹੀ ਜੋੜਦੇ ਹਾਂ। ਕਿਤੇ-ਕਿਤੇ ਰਸੋਈ-ਸੰਭਾਲ ਨਾਲ ਵੀ ਇਹ ਵਿਸ਼ੇਸ਼ਣ ਜੋੜ ਦਿੱਤਾ ਜਾਂਦਾ ਹੈ। ਉਂਞ ਸਲੀਕਾ ਸਾਡੇ ਹਰ ਸਮਾਜਿਕ ਵਿਹਾਰ ਨਾਲ ਜੁੜਿਆ ਹੋਇਆ ਹੈ।ਜਦੋਂ ਅਸੀਂ ਆਪਣੇ ਕੰਮਾਂ ਨੂੰ ਕਲਾ ਦੀ ਹੱਦ ਤੱਕ ਸੁਚੱਜਤਾ ਨਾਲ ਕਰਦੇ ਹਾਂ ਤਾਂ ਸਲੀਕਾ ਉਤਪੰਨ ਹੋ ਜਾਂਦਾ ਹੈ। ਕੰਮ ਵਿੱਚ ਸਫ਼ਾਈ ਹੋਣਾ, ਕਿਸੇ ਤਰਤੀਬ ਵਿਚ ਕੀਤੇ ਜਾਣਾ, ਉਸ ਦਾ ਪ੍ਰਭਾਵਸ਼ਾਲੀ ਤੇ ਉਪਯੋਗੀ ਹੋਣਾ, ਇਹ ਸਭ ਸਲੀਕਾ ਹੈ, ਕਿਉਂਕਿ ਇਸ ਦਾ ਦੂਜਿਆਂ ਉੱਪਰ ਸੁਖਾਵਾਂ ਪ੍ਰਭਾਵ ਪੈਂਦਾ ਹੈ। ਅਸਲ ਵਿੱਚ ਸਲੀਕਾ ਸਮੁੱਚੀ ਜੀਵਨ -ਜਾਚ ਲਈ ਆਉਂਦਾ ਸ਼ਬਦ ਹੈ।ਸਰੀਰਕ ਪੱਖ ਤੋਂ ਲਚਕ, ਮਾਨਸਿਕ ਪੱਖ ਤੋਂ ਸੰਤੁਲਨ ਤੇ ਫ਼ੁਰਤੀ, ਭਾਸ਼ਾ ਦੇ ਪੱਖ ਤੋਂ ਸੰਜਮ-ਮਿਠਾਸ, ਨਿਮਰਤਾ ਤੇ ਨਿਰਮਾਣਤਾ ਆਦਿ ਬਹੁਤ ਸਾਰੇ ਨਿੱਕੇ-ਨਿੱਕੇ ਗੁਣ ਸਲੀਕੇ ਦੀ ਸਿਰਜਣਾ ਕਰਦੇ ਹਨ। ਇਸੇ ਕਾਰਨ ਸਲੀਕਾ ਇਕ ਜਾਨਦਾਰ ਮਨੁੱਖੀ ਗੁਣ ਹੈ। ਜਿਸ ਵਿਅਕਤੀ ਵਿਚ ਇਹ ਗੁਣ ਹੁੰਦਾ ਹੈ, ਸਾਡੇ ਅੰਦਰ ਉਸ ਲਈ ਪ੍ਰਸ਼ੰਸਾ-ਭਾਵਨਾ ਆਪ-ਮੁਹਾਰੀ ਜਾਗਦੀ ਹੈ। ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਲੀਕਾ ਕੋਈ ਦੈਵੀ-ਗੁਣ ਨਹੀਂ, ਸਗੋਂ ਇਹ ਇੱਛਾ, ਮਿਹਨਤ ਤੇ | 1x6=6 |

| | | |
|---|---|---|
| | ਲਗਨ ਨਾਲ ਪ੍ਰਾਪਤ ਕੀਤਾ ਜਾਣ ਵਾਲਾ ਗੁਣ ਹੈ। ਇਸ ਕਰਕੇ ਸਾਨੂੰ ਇਸ ਗੱਲ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ ਕਿ ਕਿਧਰੇ ਅਸੀਂ ਇਸ ਤੋਂ ਵਿਰਵੇ ਨਾ ਰਹਿ ਜਾਈਏ।<br><br>i) ਪ੍ਰ੦- ਸਲੀਕਾ ਸਾਡੇ ਕਿਹੜੇ ਵਿਹਾਰ ਨਾਲ ਜੁੜਿਆ ਹੋਇਆ ਹੈ?<br>ੳ) ਸੰਸਾਰਕ ਅ) ਵਿਹਾਰਕ<br>ੲ) ਸਮਾਜਿਕ ਸ) ਪਰਿਵਾਰਕ<br>ii) ਪ੍ਰ੦- ਸਲੀਕਾ ਕਦੋਂ ਉਤਪੰਨ ਹੁੰਦਾ ਹੈ?<br>ੳ) ਜਦੋਂ ਅਸੀਂ ਆਪਣੇ ਕੰਮਾਂ ਵਿੱਚ ਕੰਮਚੋਰੀ ਕਰਦੇ ਹਾਂ।<br>ਅ) ਜਦੋਂ ਅਸੀਂ ਕੰਮਾਂ ਨੂੰ ਕਲਾ ਦੀ ਹੱਦ ਤੱਕ ਸੁਚੱਜਤਾ ਨਾਲ ਕਰਦੇ ਹਾਂ।<br>ੲ) ਜਦੋਂ ਅਸੀਂ ਦੂਜਿਆਂ ਉੱਤੇ ਪ੍ਰਭਾਵ ਪਾ ਕੇ ਕੰਮ ਕਰਵਾ ਲੈਂਦੇ ਹਾਂ।<br>ਸ) ਜਦੋਂ ਸਾਡੇ ਉੱਤੇ ਕਿਸੇ ਕੰਮ ਨੂੰ ਕਰਨ ਦਾ ਦਬਾਵ ਨਹੀਂ ਹੁੰਦਾ।<br>iii) ਪ੍ਰ੦- ਸਲੀਕੇ ਦਾ ਦੂਜਿਆਂ ਉੱਤੇ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ?<br>ੳ) ਸੁਖਾਵਾਂ ਅ) ਮਾੜਾ<br>ੲ) ਸੌੜਾ ਸ) ਬੱਝਵਾਂ<br>iv) ਪ੍ਰ੦- ਸਲੀਕੇ ਵਾਲੇ ਮਨੁੱਖ ਲਈ ਸਾਡੀ ਕਿਹੜੀ ਭਾਵਨਾ ਆਪ-ਮੁਹਾਰੀ ਜਾਗਦੀ ਹੈ?<br>ੳ) ਈਰਖਾ ਅ) ਦਇਆ<br>ੲ) ਚਾਪਲੂਸੀ ਸ) ਪ੍ਰਸ਼ੰਸਾ<br>v) ਪ੍ਰ੦- ਸਲੀਕਾ ਕਿਹੜਾ ਗੁਣ ਨਹੀਂ ਹੈ?<br>ੳ) ਚੰਗਾ ਅ) ਮੰਦਾ<br>ੲ) ਦੈਵੀ ਸ) ਮਨੁੱਖੀ<br>vi) ਪ੍ਰ੦- ਸਲੀਕਾ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?<br>ੳ) ਚੋਰੀ, ਮਰਜੀ, ਲੜਾਈ ਨਾਲ<br>ਅ) ਇੱਛਾ, ਮਿਹਨਤ, ਲਗਨ ਨਾਲ<br>ੲ) ਗੁੱਸਾ, ਸਾੜਾ, ਹੰਕਾਰ ਨਾਲ<br>ਸ) ਅਧੀਨਤਾ, ਗੁਲਾਮੀ, ਧੱਕੇ ਨਾਲ | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ ‘ਤੇ ਉੱਤਰ ਸ਼ੀਟ ਵਿੱਚ ਦਰਜ ਕਰੋ।<br><br>ਇੱਕ ਦਿਨ ਥੋੜਾ ਰਾਤ ਹੋਏ ਨੂੰ,ਮੈਂ ਉੱਪਰ ਵੱਲ ਤੱਕਿਆ।<br>ਚੰਨ ਚਮਕਦਾ ਦੇਖ ਕੇ ਮੈਨੂੰ, ਜ਼ੋਰ-ਜ਼ੋਰ ਨਾਲ ਹੱਸਿਆ। | 1x4=4 |

| | | |
|---|---|---|
| | ਮੇਰੇ ਮਨ ਆਈ, ਕਿਉਂ ਨਾ ਇਸ ਨਾਲ ਦੌੜ ਲਗਾਵਾਂ।<br>ਵਿਹੜੇ ਵਿੱਚ ਮੈਂ ਸ਼ੂਟ ਵੱਟ ਲਈ, ਉਹ ਵੀ ਭੱਜੀ ਜਾਵੇ।<br>ਥੋੜੇ ਚਿਰ ਨੂੰ ਮੈਂ ਤਾਂ ਥੱਕਿਆ, ਉਹ ਹੱਸੀ ਜਾਵੇ।<br>ਮੈਂ ਦਾਦੀ ਕੋਲ ਜਾ ਕੇ, ਉਹਨੂੰ ਇਹ ਗੱਲ ਦੱਸੀ।<br>ਮੈਨੂੰ ਕੋਈ ਸਮਝ ਪਈ ਨਾ, ਉਹ ਕਿਉਂ ਅੱਗਿਓਂ ਹੱਸੀ?<br><br>i) ਪ੍ਰ੦- ਇੱਕ ਦਿਨ ਰਾਤ ਨੂੰ ਕਵੀ ਨੇ ਕਿੱਧਰ ਤੱਕਿਆ?<br>ii) ਪ੍ਰ੦- ਕਵੀ ਨੂੰ ਦੇਖ ਕੇ ਕੌਣ ਜ਼ੋਰ-ਜ਼ੋਰ ਨਾਲ ਹੱਸਿਆ?<br>iii) ਪ੍ਰ੦- ਕਵੀ ਦੇ ਮਨ ਵਿੱਚ ਕੀ ਆਈ?<br>iv) ਪ੍ਰ੦- ਕਵੀ ਨੇ ਕਿਸ ਕੋਲ ਜਾ ਕੇ ਸਾਰੀ ਗੱਲ ਦੱਸੀ? | |
| | **ਭਾਗ-ਅ (ਵਿਆਕਰਨ)** | |
| 3. | ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਵਿਕਲਪਾਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਜੋੜ-ਤੋੜ ਅ) ਆਦਰ-ਸਤਿਕਾਰ<br>ੲ) ਭੰਨਣਾ-ਘੜਨਾ ਸ) ਮਰਨ-ਜੀਣ<br>ii) ਹੇਠ ਲਿਖੇ ਵਿਕਲਪਾਂ ਵਿੱਚੋਂ ਭਿੰਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਜਲਦੀ-ਜਲਦੀ ਅ) ਹੌਲੀ-ਹੌਲੀ<br>ੲ) ਨਿੱਕ-ਸੁੱਕ ਸ) ਰਾਤ-ਦਿਨ<br>iii) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ।<br>ੳ) ਕਦਰਾਂ-ਕੀਮਤਾਂ ਅ) ਸਹੀ-ਕੀਮਤਾਂ<br>ੲ) ਉੱਚੀਆਂ-ਕੀਮਤਾਂ ਸ) ਕਦਰਾਂ-ਕਰਨੀਆਂ | 1x2=2 |
| 4. | ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) 'ਕਲੀ' ਦਾ ਇੱਕ ਅਰਥ ਹੈ 'ਫੁੱਲ' ਇਸਦਾ ਦੂਜਾ ਅਰਥ ਕੀ ਹੋਵੇਗਾ?<br>ੳ) ਸਫ਼ੇਦੀ ਅ) ਕੱਲੀ<br>ੲ) ਵੇਲ ਸ) ਬੂਟਾ<br>ii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਜੱਗ' ਸ਼ਬਦ ਦਾ ਬਹੁਅਰਥਕ ਨਹੀਂ ਹੈ।<br>ੳ) ਦੁਨੀਆ ਅ) ਭਾਂਡਾ<br>ੲ) ਲੰਗਰ ਸ) ਵਿਅਕਤੀ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਸੂਤ' ਸ਼ਬਦ ਦਾ ਬਹੁਅਰਥਕ ਹੈ?<br>ੳ) ਸੁੱਟਣਾ ਅ) ਧਾਗਾ<br>ੲ) ਸੁੱਤਾ ਸ) ਸਿਲਾਈ | 1x2=2 |
| 5. | ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) | 1x2=2 |

| | | |
|---|---|---|
| | i) ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ।<br>ੳ) ਤਿੰਨ ਅ) ਪੰਜ<br>ੲ) ਛੇ ਸ) ਅੱਠ<br>ii) ਹਰਮਨ ਸਵੇਰੇ ਘਰ ਆਇਆ ਹੈ। ਇਸ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ।<br>ੳ) ਹਰਮਨ ਅ) ਸਵੇਰੇ<br>ੲ) ਘਰ ਸ) ਹੈ<br>iii) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਨਿਰਣਾਵਾਚਕ ਕਿਰਿਆ-ਵਿਸ਼ੇਸ਼ਣ ਚੁਣੋ।<br>ੳ) ਹਾਂ, ਠੀਕ, ਨਹੀਂ ਅ)ਦੁਪਹਿਰੇ, ਭਲਕੇ, ਉਦੋਂ<br>ੲ) ਛੇਤੀ, ਹੌਲੀ, ਤੇਜ਼ ਸ) ਥੋੜਾ, ਕਿੰਨਾ, ਕੁਝ | |
| 6. | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਮਨ, ਨਾ<br>ii) ਹੇਠ ਲਿਖੇ ਅਨੁਸਾਰ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਤਾ, ਏਰਾ | 1x2=2 |
| 7. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਕੱਖ ਭੰਨ ਕੇ ਦੋਹਰਾ ਨਾ ਕਰਨਾ, ਖ਼ੂਨ ਉਬਲਣਾ, ਗਿੱਲਾ ਪੀਹਣ ਪਾ ਲੈਣਾ, ਘਰ ਕਰਨਾ, ਚਿੱਕੜ ਸੁੱਟਣਾ, ਛਿੰਝ ਪਾਉਣੀ | 1x4=4 |
| | **ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |
| 8. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ‘ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਬੇਰੁਜ਼ਗਾਰੀ ਦੀ ਸਮੱਸਿਆ<br>(ਜਾਣ-ਪਛਾਣ --------- ਬੇਰੁਜ਼ਗਾਰੀ ਤੋਂ ਭਾਵ ---------- ਬੇਰੁਜ਼ਗਾਰੀ ਦੇ ਕਾਰਨ -------- ਲੋਕਾਂ ਦੀ ਮਾਨਸਿਕਤਾ ----------- ਸਿੱਖਿਆ -ਪ੍ਰਣਾਲੀ --------- ਬੇਰੁਜ਼ਗਾਰੀ ਨਾਲ ਹੋਰ ਸਮੱਸਿਆਵਾਂ ---------- ਦੂਰ ਕਰਨ ਦੇ ਯਤਨ ---------- ਸਿੱਟਾ ------------)<br>ii) ਵਾਦੜੀਆਂ ਸਜਾੜਦੀਆਂ<br>(ਜਾਣ-ਪਛਾਣ ----------- ਤੁਕ ਦਾ ਭਾਵ --------- ਬਲਵਾਨ ਇੱਛਾ ਸ਼ਕਤੀ ਦੀ ਲੋੜ -------- ਚੰਗੀਆਂ ਆਦਤਾਂ ਅਪਨਾਉਣਾ ----------ਚੰਗੀਆਂ ਆਦਤਾਂ ਦਾ ਮਹੱਤਵ --------------- ਵੱਡਿਆਂ ਦੁਆਰਾ ਬੱਚਿਆਂ ਵੱਲ ਵਿਸ਼ੇਸ਼ ਧਿਆਨ --------- ਦ੍ਰਿੜ ਇਰਾਦੇ ਨਾਲ ਮਾੜੀਆਂ ਆਦਤਾਂ ‘ਤੇ ਕਾਬੂ ------------------------ਸਿੱਟਾ ---------)<br>iii) ਦੇਸ਼ ਨਿਰਮਾਣ ਵਿੱਚ ਨੌਜਵਾਨਾਂ ਦਾ ਯੋਗਦਾਨ | 8 |

| | | | |
|---|---|---|---|
| | (ਜਾਣ-ਪਛਾਣ---------- ਨੌਜਵਾਨ ਦੇਸ਼ ਦਾ ਸਰਮਾਇਆ --------- ਦੇਸ਼ ਦਾ ਭਵਿੱਖ ਨੌਜਵਾਨਾਂ ਹੱਥ ------------ ਸਮਾਜਕ ਬੁਰਾਈਆਂ ਨੂੰ ਖਤਮ ਕਰਨਾ ------------- ਸਮਾਜ ਕਲਿਆਣ ਵਿੱਚ ਯੋਗਦਾਨ ------------ ਸਰਕਾਰੀ ਪ੍ਰਬੰਧ ਵਿੱਚ ਸੁਧਾਰ --------- ਮਿਸਾਲ ਕਾਇਮ ਕਰਨਾ ---------------- ਸਿੱਟਾ-----------) | |
| 9. | ਆਪਣੇ ਸਕੂਲ ਮੁਖੀ ਨੂੰ ਜ਼ਿਲਾ ਪੱਧਰੀ ਮੈਚ ਵਿੱਚ ਭਾਗ ਲੈਣ ਤੋਂ ਪਹਿਲਾਂ ਸਕੂਲ ਵਿੱਚ ਅਭਿਆਸ ਮੈਚ ਕਰਾਉਣ ਲਈ ਇੱਕ ਬੇਨਤੀ ਪੱਤਰ ਲਿਖੋ।<br>( ਜ਼ਿਲਾ ਪੱਧਰੀ ਮੈਚ ਦੀ ਮਿਤੀ ਤੈਅ ਹੋਣਾ -------- ਸਕੂਲ ਵਾਲੀਬਾਲ ਟੀਮ ਦਾ ਹਿੱਸਾ ਲੈਣਾ -------- ਟੀਮ ਦੀ ਤਿਆਰੀ ਹੋਣਾ ---------- ਅਭਿਆਸ ਲਈ ਮੈਚ ਕਰਾਉਣ ਦੀ ਬੇਨਤੀ ਕਰਨਾ --------- ਜਿੱਤ ਦੀ ਆਸ ਹੋਣਾ ---------ਕੋਈ ਕਮੀ ਨਾ ਛੱਡਣਾ----)<br>ਜਾਂ<br>ਆਪਣੇ ਮਿੱਤਰ/ਸਹੇਲੀ ਨੂੰ ਉਸਦੀ ਭੈਣ ਦੇ ਵਿਆਹ ਵਿੱਚ ਸ਼ਾਮਿਲ ਨਾ ਹੋ ਸਕਣ ਦਾ ਕਾਰਨ ਦੱਸਦੇ ਹੋਏ ਪੱਤਰ ਲਿਖੋ।<br>( ਵਿਆਹ ਦਾ ਸੱਦਾ ਮਿਲਣਾ --------- ਤਿਆਰੀ ਕਰਨਾ --------- ਅਚਾਨਕ ਮਾਤਾ ਜੀ ਦੀ ਤਬੀਅਤ ਖਰਾਬ ਹੋਣਾ --------- ਛੋਟੇ ਭੈਣ/ਭਰਾ ਦੇ ਪੇਪਰ ਹੋਣਾ ------- ਚਾਹ ਕੇ ਵੀ ਨਾ ਆ ਸਕਣਾ --------- ਜਲਦੀ ਮਿਲਣ ਦਾ ਪ੍ਰੋਗਰਾਮ ਬਣਾਉਣਾ-------) | 6 |
| 10. | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ।<br> | 4 |

| | | |
|---|---|---|
| | **ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**<br>ਆਪਣੇ ਸਕੂਲ ਮੁਖੀ ਨੂੰ ਜੁਰਮਾਨਾ ਮੁਆਫ਼ੀ ਲਈ ਬੇਨਤੀ ਪੱਤਰ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 11. | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਗੁਰੂ ਨਾਨਕ ਦੇਵ ਜੀ ਕਿਸ ਨੂੰ ਆਪਣੇ ਪਿੰਡ ਭੇਜਦੇ ਹਨ?<br>ੳ) ਭਾਈ ਬਾਲੇ ਨੂੰ ਅ) ਭਾਈ ਮਰਦਾਨੇ ਨੂੰ<br>ੲ) ਭਾਈ ਵੀਰ ਸਿੰਘ ਨੂੰ ਸ) ਭਾਈ ਘੱਨਈਆ ਨੂੰ<br>ii) ਚੜ੍ਹਤ ਸਿੰਘ ਚੌਧਰੀ ਕਿਸ ਕੋਲ ਬੇਨਤੀ ਕਰਨ ਆਇਆ ਸੀ?<br>ੳ) ਪਹਿਲਵਾਨ ਕੋਲ ਅ) ਬਾਬੇ ਪੁੰਨੂੰ ਕੋਲ<br>ੲ) ਪੰਚਾਇਤ ਕੋਲ ਸ) ਲੇਖਕ ਕੋਲ<br>iii) ਮਹਾਰਾਜਾ ਰਣਜੀਤ ਸਿੰਘ ਨੇ ਸਿਰਜਣਹਾਰ ਦੇ ਧੰਨਵਾਦ ਵਜੋਂ ਕੀ ਕਰਨਾ ਚਾਹਿਆ?<br>ੳ) ਕੈਦੀ ਨੂੰ ਰਿਹਾ ਅ) ਕੈਦੀ ਨੂੰ ਇਨਾਮ<br>ੲ) ਰਾਜ ਵਿੱਚ ਜਸ਼ਨ ਸ) ਤੋਪਾਂ ਦੀ ਸਲਾਮੀ<br>iv) ਕਾਕੇ ਨੇ ਜਾਗਦਿਆਂ ਹੀ ਕੀ ਮੰਗਿਆ?<br>ੳ) ਝੂਟੇ ਅ) ਖਿਡੌਣੇ<br>ੲ) ਕੁਲਫ਼ੀ ਸ) ਕੱਪੜੇ<br>v) ਸਾਰਾ ਪਰਿਵਾਰ ਕਿਉਂ ਰੋ ਰਿਹਾ ਸੀ?<br>ੳ) ਚੋਰੀ ਹੋ ਜਾਣ ਕਰਕੇ ਅ) ਲੜਾਈ ਹੋਣ ਕਰਕੇ<br>ੲ) ਕਰਜ਼ਾ ਨਾ ਚੁਕਾਉਣ ਕਰਕੇ ਸ) ਮੌਤ ਹੋਣ ਕਰਕੇ<br>Vi) ਮਾਨ ਸਿੰਘ ਕਿਸ ਦੇ ਪਿੰਡ ਗਿਆ ਸੀ?<br>ੳ) ਜਸਵੰਤ ਸਿੰਘ ਦੇ ਅ) ਮਹਿੰਦਰ ਦੇ<br>ੲ) ਕਰਮ ਸਿੰਘ ਦੇ ਸ) ਅਮਰੀਕ ਦੇ | 1x5=5 |
| 12. | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) 'ਸੋ ਕਿਉ ਮੰਦਾ ਆਖੀਐ' ਰਚਨਾ ਵਿੱਚ ਕਿਸਨੂੰ ਮੰਦਾ ਨਾ ਆਖਣ ਲਈ ਕਿਹਾ ਗਿਆ ਹੈ?<br>ੳ) ਮਨੁੱਖ ਨੂੰ ਅ) ਇਸਤਰੀ ਨੂੰ<br>ੲ) ਰਾਜੇ ਨੂੰ ਸ) ਵੱਡੇ ਲੋਕਾਂ ਨੂੰ<br>ii) ਗੁਰੂ ਜੀ ਮਨ ਨੂੰ ਕਿਸ ਨਾਲ ਜੁੜਨ ਲਈ ਆਖਦੇ ਹਨ?<br>ੳ) ਪਰਮਾਤਮਾ ਨਾਲ ਅ) ਦੁੱਖਾਂ ਨਾਲ<br>ੲ) ਸ਼ਕਤੀ ਨਾਲ ਸ) ਆਨੰਦ ਨਾਲ | 1x5=5 |

| | | |
|---|---|---|
| | iii) 'ਜੰਗ ਦਾ ਹਾਲ' ਰਚਨਾ ਕਿਸ ਦੀ ਲਿਖੀ ਹੋਈ ਹੈ?<br>ੳ) ਸ਼ਾਹ ਆਲਮ ਅ) ਸ਼ਾਹ ਹੁਸੈਨ<br>ੲ) ਸ਼ਾਹ ਬਖਸ਼ ਸ) ਸ਼ਾਹ ਮੁਹੰਮਦ<br>iv) ਕਿਸਦੇ ਸਖਤ ਵਰਤਾਅ ਕਾਰਨ ਦਰਬਾਰ ਦੇ ਲੋਕ ਬਾਗੀ ਹੋ ਗਏ ਸਨ?<br>ੳ) ਅਸ਼ੋਕ ਅ) ਅਕਬਰ<br>ੲ) ਔਰੰਗਜ਼ੇਬ ਸ) ਅਸਦ ਖਾਨ<br>v) ਮਨਜੀਤ ਕਿਸਦੇ ਆਉਣ ਦੀ ਉਡੀਕ ਕਰ ਰਹੀ ਹੈ?<br>ੳ) ਆਪਣੇ ਭਰਾ ਦੇ ਅ) ਆਪਣੇ ਪਤੀ ਦੇ<br>ੲ) ਆਪਣੀ ਨਨਾਣ ਦੇ ਸ) ਆਪਣੇ ਸਹੁਰੇ ਦੇ<br>vi) ਮਨਜੀਤ ਨੂੰ ਦੂਜੇ ਵਿਆਹ ਦੇ ਡਰਾਵੇ ਕੌਣ ਦਿੰਦਾ ਹੈ?<br>ੳ) ਸੁਖਦੇਵ ਅ) ਬਲਵੰਤ<br>ੲ) ਨਿਹਾਲ ਕੌਰ ਸ) ਬੀਬੀ | |
| 13. | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ)<br>i) 'ਘਰ ਦਾ ਪਿਆਰ' ਪਾਠ ਅਨੁਸਾਰ ਕਿਹਨਾਂ ਨੂੰ ਸਿਆਣੇ ਅਤੇ ਦਿਲਚਸਪ ਆਖਿਆ ਗਿਆ ਹੈ?<br>ii) ਆਤਮਾ ਦਾ ਚਿੱਤਰ ਕਿਸ ਨੂੰ ਮੰਨਿਆ ਗਿਆ ਹੈ?<br>iii) 'ਤੁਰਨ ਦਾ ਹੁਨਰ' ਪਾਠ ਅਨੁਸਾਰ ਪੰਜਾਬ ਦਾ ਸਭਿਆਚਾਰ ਕਿਸ ਤਰ੍ਹਾਂ ਦਾ ਹੈ?<br>iv) ਸ਼ਾਹਣੀ ਕਿਸ ਗੱਲ ਦਾ ਉਲਾਂਭਾ ਦੇਣ ਆਈ ਸੀ?<br>v) ਕਹਾਣੀਕਾਰ ਅਨੁਸਾਰ ਧਰਤੀ ਹੇਠਲਾ ਬਲਦ ਕੌਣ ਹੈ? | 1x4=4 |
| 14. | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) ਲੇਖਕ ਨੇ ਆਪਣੇ ਸਾਥੀ ਕੋਲੋਂ ਤਿੰਨ ਰੁਪਏ ਉਧਾਰੇ ਕਿਉਂ ਲਏ?<br>ii) ਅਮਰੀਕ ਕੌਣ ਹੈ ਤੇ ਉਹ ਕੀ ਕੰਮ ਕਰਦਾ ਹੈ?<br>iii) ਮਾਨ ਸਿੰਘ ਕਿੱਥੇ ਅਤੇ ਕੀ ਕਰਨ ਗਿਆ ਸੀ?<br>iv) ਮਹਾਨ ਵਿਅਕਤੀਆਂ ਦੇ ਚਰਿੱਤਰ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?<br>v) ਕੈਦੀ ਨੇ ਸਰਦਾਰੀ ਲੈਣ ਤੋਂ ਇਨਕਾਰ ਕਿਉਂ ਕਰ ਦਿੱਤਾ?<br>vi) ਪੈਦਲ ਤੁਰਨ ਨਾਲ ਕੀ-ਕੀ ਲਾਭ ਹੁੰਦੇ ਹਨ?<br>vii) ਜ਼ੀਨਤ ਕਿਉਂ ਪਰੇਸ਼ਾਨ ਹੈ?<br>viii) ਮਨਜੀਤ ਕਿਹੋ ਜਿਹੀ ਨੂੰਹ ਹੈ? | 2x7=14 |
| 15. | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦਾ ਕੇਂਦਰੀ ਭਾਵ ਲਿਖੋ। | 4x2=8 |

| | | |
|---|---|---|
| | ਜਾਂ<br>'ਜੰਗ ਦਾ ਹਾਲ' ਰਚਨਾ ਵਿੱਚ ਸਿੰਘ ਸੂਰਮਿਆਂ ਦੀ ਬਹਾਦਰੀ ਦਾ ਚਿਤਰਨ ਕਿਵੇਂ ਕੀਤਾ ਗਿਆ ਹੈ?<br>ii) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?<br>ਜਾਂ<br>ਬਾਬਿਆਂ ਦੀਆਂ ਭੈਣਾਂ ਦੇ ਕਾਰਨਾਮਿਆਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। | |
| 16. | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) "ਲੋਕੀਂ ਮੈਨੂੰ ਇਨਸਾਨ ਵੀ ਖਿਆਲ ਨਹੀਂ ਕਰਨਗੇ।" ਜ਼ਫ਼ਰਨਾਮਾ ਇਕਾਂਗੀ ਵਿੱਚ ਇਹ ਸ਼ਬਦ ਕਿਸਨੇ, ਕਿਸਨੂੰ ਅਤੇ ਕਿਉਂ ਕਹੇ?<br>ii) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਕੀ ਸਬਕ ਮਿਲਦਾ ਹੈ? | 4x1=4 |